www.prepp.in

prepp
Your Personal Exams Guide

# Paper - II

# PUNJABI

Booklet Code **A**

**SUBJECT CODE : 3 4**

**Test Booklet No.**

**Roll No. :** 

(Figures as per admission card)

**Roll No. (in words) :** ____________________

**OMR Sheet No. :** 

**Name and Signature of Invigilator/s**

Signature : ____________________

Name : ____________________

Time : 2 Hours | Maximum Marks : 200

**Number of Pages in this Booklet : 24** | **Number of Questions in this Booklet : 100**

## Instructions for the Candidates

1. Write your roll number in the space provided on the top of this page.
2. This paper consists of hundred (100) multiple-choice type of questions.
3. At the commencement of examination, the test booklet will be given to you. In the first 5 minutes, you are requested **To Open the Booklet and Compulsorily Examine it as Below:**
   (i) To have access to the Test Booklet, tear off the paper seal on the edge of the cover page. Do not accept a booklet without sticker seal or open booklet.
   (ii) Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Test Booklet will be replaced nor any extra time will be given.
   (iii) After the verification is over, the Test Booklet Number should be entered in the OMR Sheet and the OMR Sheet Number should be entered on this Test Booklet.
4. Each item has four alternative responses marked (A), (B), (C) and (D). You have to darken the circle as indicated below on the correct response against each item.
   **Example :** Ⓐ Ⓑ ● Ⓓ
   where (C) is the correct response.
5. Your responses to the questions are to be indicated in the **OMR Sheet kept inside this Booklet**. If you mark at any place other than in the circles, the OMR Sheet will not be evaluated.
6. Read the instructions given in OMR Sheet carefully. Fill the Booklet Code of Paper-II in OMR Sheet **Compulsorily**.
7. Rough Work is to be done in the end of this booklet.
8. If you write your name or put any mark on any part of the OMR Answer Sheet, except for the space provided for the relevant entries, which may disclose your identity, you will render yourself liable to disqualification.
9. You have to return the OMR answer Sheet to the invigilators at the end of the examination compulsorily and must NOT carry it with you outside the Examination Hall.
10. You can take away test booklet and carbon copy of OMR Answer Sheet after the examination.
11. **Use only Blue/Black Ball point pen.**
12. **Use of any calculator, electronic gadgets or log table, etc. is prohibited.**
13. **There is no negative mark for incorrect answer.**

www.prepp.in

Total Number of Pages : 24

1. 'ਚਿੰਨ੍ਹ ਵਿਗਿਆਨ' ਕਿਸ ਉੱਤੇ ਅਧਾਰਿਤ ਹੈ :

(A) ਸ਼ਮਾਜਕ ਪ੍ਰਬੰਧ ਉਪਰ

(B) ਭਾਸ਼ਾਈ ਪ੍ਰਬੰਧ ਉਪਰ

(C) ਰਾਜਸੀ ਪ੍ਰਬੰਧ ਉਪਰ

(D) ਸਭਿਆਚਾਰਕ ਪ੍ਰਬੰਧ ਉਪਰ

2. 'ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।'

ਬਾਣੀ ਪੰਕਤੀਆਂ ਦਾ ਰਚੈਤਾ ਕੌਣ ਹੈ ?

(A) ਭਗਤ ਕਬੀਰ

(B) ਭਗਤ ਨਾਮਦੇਵ

(C) ਗੁਰੂ ਨਾਨਕ ਦੇਵ

(D) ਗੁਰੂ ਗੋਬਿੰਦ ਸਿੰਘ

3. 'ਤੀਮੀ' ਸ਼ਬਦ ਦਾ ਸੰਬੰਧ ਕਿਸ ਉਪ-ਭਾਸ਼ਾ ਨਾਲ ਹੈ ?

(A) ਮਾਝੀ

(B) ਮਲਵਈ

(C) ਪੁਆਧੀ

(D) ਪੋਠੋਹਾਰੀ

4. 'ਔਸੀ' ਕੀ ਹੈ ?

(A) ਗਹਿਣਾ

(B) ਸ਼ਗਨ

(C) ਅਪਸ਼ਗਨ

(D) ਲੋਕ ਵਿਸ਼ਵਾਸ

5. 'ਸ਼ਬਦ ਸ਼ਕਤੀਆਂ' ਕਿਸ ਸੰਪਰਦਾਇ ਦਾ ਸੰਕਲਪ ਹੈ :

(A) ਰਸ

(B) ਅਲੰਕਾਰ

(C) ਧੁਨੀ

(D) ਵਕ੍ਰੋਕਤੀ

6. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਸਾਡੇ ਕਿੱਸਿਆਂ ਦਾ ਅਹਿਮ ਗੁਣ ਹੈ, ਵਿਅਕਤੀ ਵਿਸ਼ੇਸ਼ ਦੀ ਸੁਓਤਰ ਭਾਵਨਾ। ਪਰਿਵਾਰ ਅਤੇ ਮਰਯਾਦਾ ਇਸ ਰਾਹ ਵਿਚ ਰੁਕਾਵਟ ਪਾਉਂਦੇ ਹਨ। ਪਰ ਸਾਡਾ ਨਾਇਕ ਇਨ੍ਹਾਂ ਪਾਬੰਦੀਆਂ ਨਾਲ ਟਾਕਰਾ ਕਰਦਾ ਹੈ।

Reason (r) : ਵਿਅਕਤੀ ਦੀ ਪਰਿਵਾਰ ਸਮਾਜ ਨਾਲ ਵੱਡੀ ਟੱਕਰ ਕਿੱਸਿਆਂ ਦਾ ਅਹਿਮ ਲੱਛਣ ਹੈ। ਕਿੱਸਿਆਂ ਦੇ ਨਾਇਕ ਪਿਆਰ ਭਰੇ ਸਭਿਆਚਾਰਕ ਸੰਜਮ ਵਿਚ ਰਹਿਣਾ ਚਾਹੁੰਦੇ ਹਨ, ਬੇਲੋੜੇ ਬੰਧਨਾਂ ਨੂੰ ਪ੍ਰਵਾਨ ਨਹੀਂ ਕਰਦੇ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

prepp
Your Personal Exams Guide



7. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਵਸ਼ਿਸ਼ਟ ਧਰਮ ਦਾ ਆਰੰਭ ਕਿਸੇ ਮਹਾਂਪੁਰਸ਼ ਦੀ ਵਿਚਾਰਧਾਰਾ ਤੋਂ ਹੁੰਦਾ ਹੈ। ਇਸਦੇ ਸਰੂਪ ਵਿਚ ਆਹਿਮ ਤਬਦੀਲੀਆਂ ਨਹੀਂ ਆਉਂਦੀਆਂ।

Reason (r) : ਪਰ ਲੋਕ ਧਰਮ ਸਮੂਹਿਕ ਧਾਰਮਿਕ ਮਾਨਸਿਕਤਾ ਦੀ ਉਪਜ ਹੁੰਦਾ ਹੈ। ਇਸ ਵਿਚ ਨਵੇਂ ਖਿਆਲ, ਰਸਮਾਂ ਸ਼ਾਮਲ ਹੁੰਦੀਆਂ ਰਹਿੰਦੀਆਂ ਹਨ। ਇਸ ਵਿਚ ਇਕਸਾਰਤਾ ਤੋਂ ਵੱਧ ਭਿੰਨਤਾ, ਕੱਟੜਤਾ ਦੀ ਬਜਾਏ ਉਦਾਰ ਰੁਚੀ ਮਿਲਦੀ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

8. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਸਭਿਆਚਾਰ ਸ਼ਾਸਤਰ ਦੀ ਇਕ ਧਾਰਨਾ ਇਹ ਹੈ ਕਿ ਸਭਿਆਚਾਰ ਅਤੇ ਲੋਕਧਾਰਾ ਦੀ ਕੁਝ ਸਿਆਣੇ ਵਿਅਕਤੀਆਂ ਨੇ ਯੋਜਨਾਬੱਧ ਢੰਗ ਨਾਲ ਸਿਰਜਨਾ ਕੀਤੀ ਹੁੰਦੀ ਹੈ।

Reason (r) : ਕਿਉਂਕਿ ਸਭਿਆਚਾਰ ਜਾਂ ਲੋਕਧਾਰਾ ਕੋਈ ਸਥਿਰ ਸਮੱਗਰੀ ਨਹੀਂ ਹੈ। ਇਹ ਇਕ ਜੀਵੰਤ ਅਮਲ ਹੈ, ਜਿਸ ਵਿਚ ਹਰੇਕ ਵਿਅਕਤੀ ਦੀ ਸਿਰਜਨਾ ਸ਼ਾਮਿਲ ਹੁੰਦੀ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

Total Number of Pages : 24

9. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਆਧੁਨਿਕ ਪੰਜਾਬੀ ਸਾਹਿਤ ਤੋਂ ਮੁਰਾਦ, ਅਸਲ ਵਿਚ, ਪੂੰਜੀਵਾਦੀ ਰਾਜ ਪ੍ਰਬੰਧ ਦੇ ਪ੍ਰਭਾਵਾਂ ਅਧੀਨ ਉਸਦੇ ਸਾਹਿਤ ਤੋਂ ਹੈ।

Reason (r) : ਸਾਡੇ ਦੇਸ਼ ਵਿਚ ਪੂੰਜੀਵਾਦ ਨੇ ਸੁਤੰਤਰ ਰੂਪ ਵਿਚ ਉਨਤੀ ਨਹੀਂ ਕੀਤੀ ਸਗੋਂ ਪੂੰਜੀਵਾਦੀ ਨਿਜ਼ਾਮ ਦੇ ਪ੍ਰਭਾਵ ਅੰਗਰੇਜ਼ੀ ਸਾਮਰਾਜ ਦੇ ਬਸਤੀਵਾਦੀ ਰਾਜ ਪ੍ਰਬੰਧ ਅਧੀਨ ਉਘੜੇ ਹਨ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

10. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਪੰਜਾਬੀ ਸਾਹਿਤ ਵਿਚ ਪੰਜਾਬੀਅਤ ਦੇ ਗੁਣ ਰੂਪਮਾਨ ਹੁੰਦੇ ਹਨ। ਪੰਜਾਬ ਦੇ ਨਿਡਰ ਅਤੇ ਬਹਾਦੁਰ ਲੋਕ ਗੁਲਾਮੀ ਨੂੰ ਸਹਿਨ ਨਹੀਂ ਕਰ ਸਕਦੇ।

Reason (r) : ਪੰਜਾਬੀਆਂ ਨੇ ਹਜ਼ਾਰਾ ਵਰ੍ਹਿਆਂ ਦੇ ਇਤਿਹਾਸ ਵਿਚ ਕਰੜੇ ਤੋਂ ਕਰੜੇ ਵਿਦੇਸ਼ੀ ਹਮਲਿਆਂ ਦੇ ਮੁਕਾਬਲੇ ਕੀਤੇ ਹਨ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

11. Match List-I and List-II and select the correct answer from the codes given below:

List-I :

P ਪੂਰਨ ਸਿੰਘ

Q ਗੁਰਬਖ਼ਸ਼ ਸਿੰਘ ਪ੍ਰੀਤਲੜੀ

R ਲਾਲ ਸਿੰਘ ਕਮਲਾ ਅਕਾਲੀ

S ਪ੍ਰਿੰ0 ਤੇਜਾ ਸਿੰਘ

List-II :

1 ਜ਼ਿੰਦਗੀ ਦੀ ਰਾਸ

2 ਆਰਸੀ

3 ਖੁਲ੍ਹੇ ਅਸਮਾਨੀ ਰੰਗ

4 ਮੌਤ ਰਾਣੀ ਦਾ ਘੁੰਡ

| | P | Q | R | S |
|---|---|---|---|---|
| (A) | 2 | 1 | 3 | 4 |
| (B) | 4 | 3 | 2 | 1 |
| (C) | 1 | 2 | 4 | 3 |
| (D) | 3 | 4 | 1 | 2 |

12. Match List-I and List-II and select the correct answer from the codes given below :

List-I :

P ਗ਼ਜ਼ਲ ਦਾ ਪਹਿਲਾ ਸ਼ੇਅਰ

Q ਗ਼ਜ਼ਲ ਦਾ ਦੂਸਰਾ ਸ਼ੇਅਰ

R ਗ਼ਜ਼ਲ ਦਾ ਅੰਤਮ ਸ਼ੇਅਰ

S ਗ਼ਜ਼ਲ ਦਾ ਤੁਕਾਂਤ ਪ੍ਰਬੰਧ

List-II :

1 ਮਕਤਾ

2 ਕਾਫੀਆ

3 ਮਤਲਾ

4 ਹੁਸਨੇ ਮਤਲਾ

| | P | Q | R | S |
|---|---|---|---|---|
| (A) | 1 | 2 | 3 | 4 |
| (B) | 3 | 4 | 1 | 2 |
| (C) | 4 | 1 | 2 | 3 |
| (D) | 2 | 1 | 3 | 4 |

Total Number of Pages : 24

13. Match List-I and List-II and select the correct answer from the codes given below :

List-I :

P ਪੰਜਾਬ ਦੇ ਹੀਰੇ

Q ਪ੍ਰਾਚੀਨ ਜੰਗਨਾਮੇ

R ਪੰਜਾਬੀ ਅਦਬ ਦੀ ਮੁਖਤਸਰ ਤਾਰੀਖ

S ਪੰਜਾਬੀ ਸਾਹਿਤ ਦਾ ਇਤਿਹਾਸ

List-II :

1 ਸਮਸੇਰ ਸਿੰਘ ਅਸ਼ੋਕ

2 ਮੋਹਨ ਸਿੰਘ ਦੀਵਾਨਾ

3 ਗੋਪਾਲ ਸਿੰਘ

4 ਮੌਲਾ ਬਖ਼ਸ਼ ਕੁਸਤਾ

| | P | Q | R | S |
|---|---|---|---|---|
| (A) | 3 | 2 | 1 | 4 |
| (B) | 4 | 1 | 2 | 3 |
| (C) | 1 | 2 | 3 | 4 |
| (D) | 2 | 4 | 3 | 1 |

14. Match List-I and List-II and select the correct answer from the codes given below :

| List-I : | | List-II : | |
|---|---|---|---|
| P | ਕੰਗਣ | 1 | ਕੰਨ |
| Q | ਕੋਕਾ | 2 | ਉਂਗਲਾ |
| R | ਮੁਰਕੀਆਂ | 3 | ਵੀਣੀ |
| S | ਮੁੰਦਰੀ | 4 | ਨੱਕ |

| | P | Q | R | S |
|---|---|---|---|---|
| (A) | 2 | 3 | 1 | 4 |
| (B) | 3 | 2 | 4 | 1 |
| (C) | 3 | 4 | 1 | 2 |
| (D) | 4 | 1 | 3 | 2 |

15. Match List-I and List-II and select the correct answer from the codes given below :

| List-I : | | List-II : | |
|---|---|---|---|
| P | ਕਿੱਸਾ ਕਾਰ | 1 | ਪੀਰ ਮੁਹੰਮਦ |
| Q | ਵਾਰ ਕਾਰ | 2 | ਸੁਲਤਾਨ ਬਾਹੂ |
| R | ਸੂਫੀ ਕਵੀ | 3 | ਸ਼ਾਹ ਮੁਹੰਮਦ |
| S | ਜੰਗਨਾਮਾ ਕਾਰ | 4 | ਕਾਦਰਯਾਰ |

| | P | Q | R | S |
|---|---|---|---|---|
| (A) | 2 | 1 | 3 | 4 |
| (B) | 4 | 1 | 2 | 3 |
| (C) | 1 | 3 | 2 | 4 |
| (D) | 3 | 2 | 1 | 4 |

16. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਸਮਕਾਲੀ ਸੂਚਨਾ ਤਕਨਾਲੋਜੀ ਸਦਕਾ ਲੋਕਧਾਰਾ ਦੇ ਮੌਖਿਕ ਸੰਚਾਰਨ ਵਿਚ ਵੱਡੀ ਤਬਦੀਲੀ ਵਾਪਰੀ ਹੈ। ਸਗੋਂ ਵਿਗਾੜ ਆਇਆ ਹੈ। ਮਨਮਰਜ਼ੀ ਦੀ ਸਿਰਜਨਾਂ ਨੂੰ ਵੀ ਲੋਕਧਾਰਾ ਦੇ ਨਾਂ ਹੇਠ ਪਰੋਸਿਆ ਜਾ ਰਿਹਾ ਹੈ।

Reason (r) : ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਸੰਚਾਰ ਤਕਨੀਕੀ-ਯੰਤਰਾਂ ਨੇ ਲੋਕਧਾਰਾ ਦੀ ਕੁਦਰਤੀ, ਸਹਿਜ ਸਿਰਜਨਾਂ ਅਤੇ ਸੰਚਾਰ ਨੂੰ ਫਾਇਦਾ ਘੱਟ, ਨੁਕਸਾਨ ਵੱਧ ਪੁਚਾਇਆ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

17. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਆਧੁਨਿਕ ਪੰਜਾਬੀ ਸਾਹਿਤ ਉਪਰ ਪੱਛਮੀ ਸਾਹਿਤ ਦਾ ਸਿੱਧਾ ਪ੍ਰਭਾਵ ਹੈ। ਆਧੁਨਿਕ ਸਾਹਿਤ ਦੀਆਂ ਵਿਧਾਵਾਂ ਦੇ ਵਿਕਾਸ ਵਿਚ ਇਸਨੇ ਬਹੁਮੁਖੀ ਪ੍ਰਭਾਵ ਪਾਇਆ।

Reason (r) : ਬਰਤਾਨਵੀ ਹਕੂਮਤ ਕਰਕੇ ਸਾਡੀ ਉਤਰ ਰਹੀ ਨਵੀਂ ਮੱਧ ਸ੍ਰੇਣੀ ਗੌਰਵਮਈ ਵਿਰਾਸਤ ਦਾ ਪੁਨਰ ਸਿਰਜਣ ਕਰਨ ਦੇ ਯਤਨ ਵਿਚ ਸੀ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

prepp
Your Personal Exams Guide



18. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਧਰਮ ਦੀ ਉਸਾਰੀ ਵੀ ਲੋਕਧਾਰਾ ਦੀਆਂ ਬੁਨਿਆਦਾਂ ਉਤੇ ਹੋਈ। ਹਰ ਧਰਮ ਦੇ ਦਰਸ਼ਨ ਵਿਚ, ਰਸਮਾਂ ਵਿਚ ਲੋਕ ਰੂੜੀਆਂ ਦੇ ਤੱਤ ਮਿਲਦੇ ਹਨ। ਇੰਨ੍ਹਾਂ ਦਾ ਆਧਾਰ ਲੋਕਧਾਰਾ ਹੈ।

Reason (r) : ਲੋਕਧਾਰਾ ਦਾ ਇਕ ਅਹਿਮ ਅੰਗ ਜਾਦੂ ਟੂਣਾ ਹੈ। ਇਹ ਧਰਮ ਵਿਚੋਂ ਹੀ ਉਪਜਿਆ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

19. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਤ੍ਰਾਸਦੀ ਕਿਸੇ ਅਜਿਹੇ ਕਾਰਜ ਦਾ ਅਨੁਕਰਨ ਹੁੰਦੀ ਹੈ ਜੋ ਗੰਭੀਰ, ਸੰਪੂਰਨ ਤੇ ਵਿਸ਼ਾਲਤਾ ਵਾਲਾ ਹੋਵੇ। ਇਸਦੀ ਭਾਸ਼ਾ ਨਾਟਕ ਦੇ ਵੱਖ-ਵੱਖ ਅੰਗਾਂ ਲਈ ਢੁਕਵੀਆਂ ਕਲਾ ਜੁਗਤਾਂ ਨਾਲ ਸੰਪੰਨ ਹੁੰਦੀ ਹੈ।

Reason (r) : ਇਹ ਨਾਟਕੀ ਕਾਰਜ ਰਾਹੀਂ ਕਰੁਣਾ ਅਤੇ ਭੈਅ ਦੀਆਂ ਭਾਵਨਾਵਾਂ ਜਨਿਤ ਕਰਕੇ ਇਨਾਂ ਦਾ ਵਿਰੇਚਨ ਕਰਦੀ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

www.prepp.in
Prepp
Your Personal Exams Guide



20. Given below are two statements, one labelled as Assertion (a) and the other labelled as Reason (r). Read the statements and choose the correction answer from the code given below :

Assertion (a) : ਸਾਹਿਤ ਸਮਾਜਕ ਯਥਾਰਥ ਵਿਚੋਂ ਪੈਦਾ ਹੋ ਕੇ ਵੀ ਇਸਤੋਂ ਵੱਖਰਾ ਹੋਣ ਦੀ ਸਮਰਥਾ ਰੱਖਦਾ ਹੈ ਜਿਵੇਂ ਮਿੱਟੀ ਵਿਚੋਂ ਪੈਦਾ ਹੋ ਕੇ ਵੀ ਖਿਡੌਣਾ।

Reason (r) : ਸਾਹਿਤ ਵਿਚ ਯਥਾਰਥ ਅਤੇ ਵਿਚਾਰਧਾਰਾ ਦੋਵੇਂ ਕਲਾ ਕਿਰਤ ਵਿਚ ਰੁਪਾਂਤਰਿਤ ਹੁੰਦੇ ਹਨ। ਦੋਹਾਂ ਦਾ ਦਵੰਦਾਤਮਕ ਰਿਸ਼ਤਾ ਹੈ।

(A) Both (a) and (r) are true and (r) is correct explanation of (a)

(B) Both (a) and (r) are true but (r) is not correct explanation of (a)

(C) (a) is true, but (r) is false

(D) (a) is false, but (r) is true

21. Match List-I and List-II and select the correct answer from the codes given below :

List-I :

P ਛਿੱਕਲੀ

Q ਦੌਣ

R ਪੁੜ

S ਚੱਪਣੀ

List-II :

1 ਮਿੱਟੀ ਦੇ ਭਾਂਡੇ ਦਾ ਢੱਕਣ

2 ਚੱਕੀ ਦਾ ਇਕ ਭਾਗ

3 ਡੰਗਰਾਂ ਦੇ ਮੂੰਹ ਬੰਨਣ ਲਈ

4 ਮੰਜੇ ਨੂੰ ਕੱਸਣ ਵਾਲੀ ਰੱਸੀ

| | P | Q | R | S |
|---|---|---|---|---|
| (A) | 2 | 3 | 1 | 4 |
| (B) | 1 | 4 | 2 | 3 |
| (C) | 4 | 2 | 3 | 1 |
| (D) | 3 | 4 | 2 | 1 |

prepp
Your Personal Exams Guide



22. Match List-I and List-II and select the correct answer from the codes given below :

List-I :

P ਪ੍ਰੋ0 ਹਰਭਜਨ ਸਿੰਘ

Q ਵੀਨਾ ਵਰਮਾ

R ਹਰਜੀਤ ਅਟਵਾਲ

S ਦਰਸ਼ਨ ਬੁਲੰਦਵੀ

List-II :

1 ਮੁੱਲ ਦੀ ਤੀਵੀਂ

2 ਧੁੰਧ 'ਚ ਜਗਦਾ ਦੀਵਾ

3 ਬਿਨ ਸਿੰਮੇ ਸਾਨੂੰ

4 ਸਾਉ ਥਾਲ

| | P | Q | R | S |
|---|---|---|---|---|
| (A) | 2 | 3 | 1 | 4 |
| (B) | 1 | 3 | 2 | 4 |
| (C) | 3 | 1 | 4 | 2 |
| (D) | 4 | 2 | 1 | 3 |

23. Match List-I and List-II and select the correct answer from the codes given below :

List-I :

P ਲੋਕ ਬੁਝਾਰਤਾਂ

Q ਪੰਜਾਬੀ ਲੋਕਧਾਰਾ ਦੇ ਕੁਲ ਪੱਖ

R ਪੰਜਾਬੀ ਲੋਕ ਸਾਹਿਤ ਸ਼ਾਸਤਰ

S ਲੋਕ ਨਾਟਕ

List-II :

1 ਬਲਵੰਤ ਗਾਰਗੀ

2 ਜਸਵਿੰਦਰ ਸਿੰਘ

3 ਸੁਖਦੇਵ ਮਾਧੋਪੁਰੀ

4 ਗੁਰਮੀਤ ਸਿੰਘ

| | P | Q | R | S |
|---|---|---|---|---|
| (A) | 2 | 1 | 3 | 4 |
| (B) | 3 | 2 | 1 | 4 |
| (C) | 1 | 3 | 4 | 2 |
| (D) | 3 | 4 | 2 | 1 |

24. Match List-I and List-II and select the correct answer from the codes given below :

List-I :

P ਸਿੱਠਣੀ

Q ਕਿਕਲੀ

R ਕੀਰਨਾ

S ਲੋਰੀ

List-II :

1 ਬੱਚੀਆਂ ਦਾ ਖੇਡ ਗੀਤ

2 ਬਾਲਾਂ ਨੂੰ ਪ੍ਰਚਾਉਣ ਵਾਲਾ ਗੀਤ

3 ਵਿਆਹ ਮੌਕੇ ਦਾ ਗੀਤ

4 ਮੌਤ ਨਾਲ ਸੰਬੰਧਤ ਗੀਤ

| | P | Q | R | S |
|---|---|---|---|---|
| (A) | 3 | 1 | 4 | 2 |
| (B) | 2 | 3 | 1 | 4 |
| (C) | 1 | 4 | 3 | 2 |
| (D) | 4 | 2 | 1 | 3 |

25. Match List-I and List-II and select the correct answer from the codes given below :

List-I :

P ਅਜੀਤ ਕੌਰ

Q ਸੁਖਵੰਤ ਕੌਰ ਮਾਨ

R ਬਚਿੰਤ ਕੌਰ

S ਪ੍ਰਵੇਜ ਸੰਧੂ

List-II :

1 ਟਹਿਣੀਉ ਟੁੱਟੇ

2 ਨਾ ਮਾਰੋ

3 ਮਨਮਤੀਆਂ

4 ਭੁੱਬਲ ਦੀ ਅੱਗ

| | P | Q | R | S |
|---|---|---|---|---|
| (A) | 2 | 3 | 4 | 1 |
| (B) | 3 | 2 | 1 | 4 |
| (C) | 4 | 1 | 2 | 3 |
| (D) | 1 | 3 | 4 | 2 |

Total Number of Pages : 24

26. Match List-I and List-II and select the correct answer from the codes given below :

List-I :

P ਨਰਿੰਦਰ ਸਿੰਘ ਕਪੂਰ

Q ਪ੍ਰੋ0 ਪ੍ਰੀਤਮ ਸਿੰਘ

R ਕੁਲਬੀਰ ਸਿੰਘ ਕਾਂਗ

S ਸਰਦਾਰਾ ਸਿੰਘ ਜੌਹਨ

List-II :

1 ਨਾਦ ਅਨਾਹਦ

2 ਰੰਗਾ ਦੀ ਗਾਗਰ

3 ਖਿੜਕੀਆਂ

4 ਕੱਚੀਆਂ ਪੱਕੀਆਂ ਦੇ ਭਾਅ

| | P | Q | R | S |
|---|---|---|---|---|
| (A) | 3 | 4 | 1 | 2 |
| (B) | 2 | 1 | 3 | 4 |
| (C) | 1 | 3 | 2 | 4 |
| (D) | 4 | 1 | 3 | 2 |

27. Match List-I and List-II and select the correct answer from the codes given below :

List-I :

P ਬਲਵੰਤ ਗਾਰਗੀ

Q ਹਰਚਰਨ ਸਿੰਘ

R ਗੁਰਸ਼ਰਨ ਸਿੰਘ

S ਸੁਰਜੀਤ ਸਿੰਘ ਸੇਠੀ

List-II :

1 ਕਰਫਿਊ

2 ਧੂਣੀ ਦੀ ਅੱਗ

3 ਕਿੱਸਾ ਮਿਰਜ਼ਾ ਤੇ ਸਪੇਰਾ

4 ਹਿੰਦ ਦੀ ਚਾਦਰ

| | P | Q | R | S |
|---|---|---|---|---|
| (A) | 1 | 3 | 2 | 4 |
| (B) | 2 | 4 | 1 | 3 |
| (C) | 4 | 3 | 1 | 2 |
| (D) | 3 | 1 | 4 | 2 |

28. ਸੂਫ਼ੀ ਸ਼ਾਇਰਾਂ ਦਾ ਕਿਹੜਾ ਜੁੱਟ ਇਤਿਹਾਸਕ-ਕ੍ਰਮ ਅਨੁਸਾਰ ਸਹੀ ਹੈ :

(A) ਸ਼ਾਹ ਹੁਸੈਨ, ਗੁਲਾਮ ਫਰੀਦ, ਬੁਲ੍ਹੇ ਸ਼ਾਹ

(B) ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ

(C) ਸ਼ਾਹ ਸਰਫ਼, ਸੁਲਤਾਨ ਬਾਹੂ, ਅਲੀ ਹੈਦਰ

(D) ਸੁਲਤਾਨ ਬਾਹੂ, ਅਲੀ ਹੈਦਰ, ਬੁਲ੍ਹੇ ਸ਼ਾਹ

29. ਕਿਹੜਾ ਕ੍ਰਮ ਸਹੀ ਹੈ :

(A) ਕਲਾਸਿਕਵਾਦ, ਪ੍ਰਗਤੀਵਾਦ, ਜੁਝਾਰਵਾਦ, ਰੋਮਾਂਸਵਾਦ

(B) ਰੋਮਾਂਸਵਾਦ, ਪ੍ਰਗਤੀਵਾਦ, ਕਲਾਸਿਕਵਾਦ, ਜੁਝਾਰਵਾਦ

(C) ਕਲਾਸਿਕਵਾਦ, ਰੋਮਾਂਸਵਾਦ, ਪ੍ਰਗਤੀਵਾਦ, ਪ੍ਰਯੋਗਵਾਦ

(D) ਪ੍ਰਯੋਗਵਾਦ, ਰੋਮਾਂਸਵਾਦ, ਪ੍ਰਗਤੀਵਾਦ, ਜੁਝਾਰਵਾਦ

30. ਪੰਜਾਬੀ ਰਸਾਲਿਆਂ ਦਾ ਕਿਹੜਾ ਜੁੱਟ ਇਤਿਹਾਸਕ-ਕ੍ਰਮ ਅਨੁਸਾਰ ਸਹੀ ਹੈ :

(A) ਆਰਸੀ, ਪ੍ਰਵਚਨ, ਪ੍ਰੀਤਲੜੀ

(B) ਫੁਲਵਾੜੀ, ਨਾਗਮਣੀ, ਸ਼ਬਦ

(C) ਸਿਰਜਣਾ, ਰਾਗ, ਪੰਜ ਦਰਿਆ

(D) ਪ੍ਰੀਤਲੜੀ, ਸਮਦਰਸ਼ੀ, ਆਰਸੀ

prepp
Your Personal Exams Guide

Total Number of Pages : 24

31. ਨਾਥ ਕਵੀਆਂ ਦਾ ਕਿਹੜਾ ਇਤਿਹਾਸਕ-ਕ੍ਰਮ ਸਹੀ ਹੈ :

(A) ਗੋਪੀ ਚੰਦ, ਰਤਨ ਨਾਥ, ਚੌਰੰਗੀ ਨਾਥ

(B) ਚੌਰੰਗੀ ਨਾਥ, ਗੋਰਖ ਨਾਥ, ਰਤਨ ਨਾਥ

(C) ਗੋਰਖ ਨਾਥ, ਚਰਪਟ ਨਾਥ, ਚੌਰੰਗੀ ਨਾਥ

(D) ਰਤਨ ਨਾਥ, ਚੌਰੰਗੀ ਨਾਥ, ਗੋਰਖ ਨਾਥ

32. ਪੰਜਾਬੀ ਕਵੀਆਂ ਦਾ ਕਿਹਾੜਾ ਇਤਿਹਾਸਕ-ਕ੍ਰਮ ਸਹੀ ਹੈ :

(A) ਬਾਵਾ ਬਲਵੰਤ, ਪੂਰਨ ਸਿੰਘ, ਸ਼ਿਵ ਕੁਮਾਰ, ਭਾਈ ਵੀਰ ਸਿੰਘ

(B) ਧਨੀ ਰਾਮ ਚਾਤ੍ਰਿਕ, ਅੰਮ੍ਰਿਤਾ ਪ੍ਰੀਤਮ, ਪੂਰਨ ਸਿੰਘ, ਜਸਵੰਤ ਸਿੰਘ ਨੇਕੀ

(C) ਭਾਈ ਵੀਰ ਸਿੰਘ, ਪ੍ਰੋ0 ਮੋਹਨ ਸਿੰਘ, ਸਿਵ ਕੁਮਾਰ, ਸੁਰਜੀਤ ਪਾਤਰ

(D) ਜਸਵੰਤ ਦੀਦ, ਪਾਸ਼, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ

33. ਪੰਜਾਬੀ ਕਹਾਣੀਕਾਰਾਂ ਦਾ ਕਿਹੜਾ ਇਤਿਹਾਸਕ-ਕ੍ਰਮ ਸਹੀ ਹੈ :

(A) ਕਰਤਾਰ ਸਿੰਘ ਦੁੱਗਲ, ਲਾਲ ਸਿੰਘ, ਅਜੀਤ ਕੌਰ

(B) ਸੰਤ ਸਿੰਘ ਸੇਖੋਂ, ਨਾਨਕ ਸਿੰਘ, ਪ੍ਰੇਮ ਪ੍ਰਕਾਸ਼

(C) ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਵਰਿਆਮ ਸੰਧੂ

(D) ਲਾਲ ਸਿੰਘ, ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ

34. ਪੰਜਾਬੀ ਕਿੱਸ਼ਾਕਾਰਾਂ ਦਾ ਸਹੀ ਇਤਿਹਾਸਕ-ਕ੍ਰਮ ਕਿਹੜਾ ਹੈ ?

(A) ਮੁਕਬਲ, ਹਾਸ਼ਮ, ਦਮੋਦਰ

(B) ਅਹਿਮਦਯਾਰ, ਮੁਕਬਲ, ਮੀਆਂ ਮੁਹੰਮਦ ਬਖ਼ਸ਼

(C) ਫਜ਼ਲਸ਼ਾਹ, ਵਾਰਿਸ ਸ਼ਾਹ, ਅਹਿਮਦਯਾਰ

(D) ਦਮੋਦਰ, ਵਾਰਿਸ ਸ਼ਾਹ, ਹਾਸ਼ਮ

35. ਲੋਕ ਕਥਾਵਾਂ ਦਾ ਕਿਹੜਾ ਜੁੱਟ ਸਹੀ ਹੈ :

(A) ਜਨੌਰ ਕਥਾ, ਸਾਖੀ, ਬੁਝਾਵਲ ਕਥਾ

(B) ਟੀਕਾ, ਦੰਤ ਕਥਾ, ਵਚਨ

(C) ਕਿੱਸਾ, ਮਿੱਥ ਕਥਾ, ਨੀਤੀ ਕਥਾ

(D) ਪਰੀ ਕਥਾ, ਨੀਤੀ ਕਥਾ, ਦੰਤ ਕਥਾ

36. ਪੰਜਾਬੀ ਮਰਦਾਂ ਦੇ ਲੋਕ ਨਾਚਾਂ ਦਾ ਸਹੀ ਜੁੱਟ ਕਿਹੜਾ ਹੈ :

(A) ਢੋਲਾ, ਗਿੱਧਾ, ਲੁੱਡੀ

(B) ਬਾਬਿਆਂ ਦਾ ਗਿੱਧਾ, ਝੁੰਮਰ, ਭੰਗੜਾ

(C) ਸੰਮੀ, ਢੋਲਾ, ਭੰਗੜਾ

(D) ਜਾਗੋਂ, ਝੁੰਮਰ, ਢੋਲਾ

37. 'ਚੰਡੀ ਦੀ ਵਾਰ' ਦੀ ਰਚਨਾ ਕਿਸ ਨੇ ਕੀਤੀ ?

(A) ਗੁਰੂ ਰਾਮਦਾਸ

(B) ਗੁਰੂ ਤੇਗ ਬਹਾਦਰ

(C) ਗੁਰੂ ਗੋਬਿੰਦ ਸਿੰਘ

(D) ਗੁਰੂ ਹਰਿਗੋਬਿੰਦ

38. ਗੁਰੂ ਗ੍ਰੰਥ ਸਾਹਿਬ ਵਿਚ ਕਿਨੈ ਭਗਤਾਂ ਦੀ ਬਾਣੀ ਦਰਜ ਹੈ ?

(A) 10

(B) 15

(C) 12

(D) 20

39. ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਵਾਰਾਂ ਦੀ ਗਿਣਤੀ ਕਿੰਨੀ ਹੈ ?

(A) ਇਕੱਤੀ

(B) ਇੱਕੀ

(C) ਬਾਈ

(D) ਇਕਵੰਜਾ

40. ਪ੍ਰਯੋਗਸ਼ੀਲ ਲਹਿਰ ਦੇ ਪੰਜਾਬੀ ਕਵੀਆਂ ਦਾ ਕਿਹੜਾ ਜੁੱਟ ਸਹੀ ਹੈ :

(A) ਜਗਤਾਰ, ਜਸਬੀਰ ਸਿੰਘ ਆਹਲੂਵਾਲੀਆਂ, ਜਸਵੰਤ ਸਿੰਘ ਨੇਕੀ

(B) ਡਾ. ਹਰਿਭਜਨ ਸਿੰਘ, ਪਾਸ਼, ਸੁਰਜੀਤ ਪਾਤਰ

(C) ਮੋਹਨਜੀਤ, ਸੁਰਜੀਤ ਪਾਤਰ, ਸ. ਸ. ਮੀਸ਼

(D) ਰਵਿੰਦਰ ਰਵੀ, ਸੁਖਪਾਲ ਵੀਰ ਸਿੰਘ ਹਸਰਤ, ਜਸਬੀਰ ਸਿੰਘ ਆਹਲੂਵਾਲੀਆਂ

41. ਪ੍ਰੋ0 ਮੋਹਨ ਸਿੰਘ ਅਤੇ ਕਰਤਾਰ ਸਿੰਘ ਦੁੱਗਲ ਪੰਜਾਬੀ ਦੀ ਕਿਸ ਉਪ ਭਾਸ਼ਾ ਦੀ ਵਰਤੋਂ ਕਰਦੇ ਹਨ ?

(A) ਮੁਲਤਾਨੀ

(B) ਪੋਠੋਹਾਰੀ

(C) ਦੁਆਬੀ

(D) ਮਾਝੀ

42. ਪੰਜਾਬੀ ਦੀ ਜੁਝਾਰਵਾਦੀ ਕਾਵਿ-ਧਾਰਾ ਨਾਲ ਸੰਬੰਧਿਤ ਕਵੀਆਂ ਦਾ ਕਿਹੜਾ ਜੁੱਟ ਸਹੀ ਹੈ :

(A) ਰਵਿੰਦਰ ਰਵੀ, ਅਜਾਇਬ ਕਮਲ, ਪਾਸ਼

(B) ਦਰਸ਼ਨ ਖਟਕੜ, ਤਾਰਾ ਸਿੰਘ, ਸ. ਸ. ਮੀਸ਼ਾ

(C) ਹਰਭਜਨ ਹਲਵਾਰਵੀ, ਅਜਾਇਬ ਕਮਲ, ਲਾਲ ਸਿੰਘ ਦਿਨ

(D) ਸੰਤ ਰਾਮ ਉਦਾਸੀ, ਦਰਸ਼ਨ ਖਟਕੜ, ਲਾਲ ਸਿੰਘ ਦਿਲ

43. ਕਿਹੜਾ ਜੁੱਟ ਸਹੀ ਹੈ :

(A) ਕੂੜ ਕਬਾੜਾ – ਬਚਿੰਤ ਕੌਰ

(B) ਜੀਣਾ ਵੀ ਇਕ ਅਦਾ ਹੈ – ਅਜੀਤ ਕੌਰ

(C) ਰਸੀਦੀ ਟਿਕਟ – ਅੰਮ੍ਰਿਤਾ ਪ੍ਰੀਤਮ

(D) ਨੰਗੇ ਪੈਰਾਂ ਦਾ ਸਫਰ – ਪ੍ਰਭਜੋਤ ਕੌਰ

Total Number of Pages : 24

44. ਲੋਕ ਧਰਮ ਦਾ ਮੂਲ ਆਧਾਰ ਹੈ :

(A) ਮਿਥ ਕਥਾ

(B) ਦੰਤ ਕਥਾ

(C) ਬੁਝਾਵਲ ਕਥਾ

(D) ਨੀਤੀ ਕਥਾ

45. 'ਦਿੱਲੀ ਪੰਜਾਬੀ ਸਮੀਖਿਆ ਸਕੂਲ' ਦਾ ਬਾਨੀ ਕੌਣ ਹੈ ?

(A) ਡਾ. ਆਤਮਜੀਤ ਸਿੰਘ

(B) ਡਾ. ਹਰਿਭਜਨ ਸਿੰਘ

(C) ਡਾ. ਤਰਲੋਕ ਸਿੰਘ ਕੰਵਰ

(D) ਡਾ. ਗੁਰਚਰਨ ਸਿੰਘ

46. 'ਲੂਣਾ' ਕਾਵਿ-ਨਾਟ ਦਾ ਰਚੈਤਾ ਕੌਣ ਹੈ ?

(A) ਕਾਦਰਯਾਰ

(B) ਸ਼ਿਵ ਕੁਮਾਰ ਬਟਾਵਲੀ

(C) ਪਾਸ਼

(D) ਪੂਰਨ ਸਿੰਘ

47. 'ਪੁਰਾਤਨ ਜਨਮ ਸਾਖੀ' ਦਾ ਸੰਪਾਦਕ ਕੌਣ ਹੈ ?

(A) ਭਾਈ ਵੀਰ ਸਿੰਘ

(B) ਡਾ. ਤਾਰਨ ਸਿੰਘ

(C) ਭਾਈ ਸਾਹਿਬ ਸਿੰਘ

(D) ਸ਼ਮਸ਼ੇਰ ਸਿੰਘ ਅਸ਼ੋਕ

48. ਨਿਮਨ ਲਿਖਤ ਵਿਚੋਂ ਕਿਹੜੀ ਸਾਹਿਤ ਦੀ ਪ੍ਰਗਟਾ-ਵਿਧੀ ਨਹੀਂ ਹੈ ?

(A) ਪ੍ਰਮੀਤਕ

(B) ਬਿਰਤਾਂਤਕ

(C) ਨਾਟਕੀ

(D) ਚਿੱਤਰਕਾਰੀ

49. ਕਿਸ ਰਚਨਾਕਾਰ ਦੀ ਰਚਨਾ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਜਾਂਦਾ ਹੈ ?

(A) ਭਾਈ ਮਨੀ ਸਿੰਘ

(B) ਭਾਈ ਗੁਰਦਾਸ

(C) ਸੋਢੀ ਮਿਹਰਵਾਨ

(D) ਰਤਨ ਸਿੰਘ ਭੰਗੂ

50. 'ਨਾਟਯ ਸ਼ਾਸਤਰ' ਦਾ ਕਰਤਾ ਕੌਣ ਹੈ ?

(A) ਭਰਥਰੀ ਹਰੀ

(B) ਪਤੰਜਲੀ

(C) ਭਰਤ ਮੁਨੀ

(D) ਪਾਣਿਨੀ

51. ਹੇਠ ਲਿਖੇ ਜੁੱਟ ਵਿਚ ਕਿਹੜਾ ਵਾਰਤਕ-ਰੂਪ ਜੁੱਟ ਨਹੀਂ ਹੈ ?

(A) ਨਾਵਲ, ਰੇਖਾ ਚਿਤਰ, ਪਰਚੀਆਂ

(B) ਜਨਮਸਾਖੀ, ਡਾਇਰੀ, ਸਫਰਨਾਮਾ

(C) ਜੀਵਨੀ, ਟੀਕਾ, ਡਾਇਰੀ

(D) ਸ੍ਵੈਜੀਵਨੀ, ਸਫ਼ਰਨਾਮਾ, ਨਿਬੰਧ

www.prepp.in

Prepp
Your Personal Exams Guide



52. 'ਸੀਹਰਫ਼ੀ' ਵਿਚ ਕਿਸ ਲਿਪੀ ਦਾ ਅੱਖਰ ਕ੍ਰਮ ਵਰਤਿਆ ਜਾਂਦਾ ਹੈ ?

(A) ਦੇਵਨਾਗਰੀ

(B) ਗੁਰਮੁਖੀ

(C) ਫ਼ਾਰਸੀ

(D) ਰੋਮਨ

53. 2022 ਦਾ ਸਾਹਿਤ ਅਕਾਦਮੀ ਦਿੱਲੀ ਦਾ ਪੁਰਸਕਾਰ ਕਿਸ ਲੇਖਕ ਨੂੰ ਮਿਲਿਆ ?

(A) ਸੁਖਜੀਤ

(B) ਜਸਵੰਤ ਦੀਦ

(C) ਮੋਹਨਜੀਤ

(D) ਖਾਲਿਦ ਹੁਸੈਨ

54. ਨਾਨਕ ਸਿੰਘ ਨੂੰ ਸਾਹਿਤਯ ਅਕਾਦਮੀ ਪੁਰਸਕਾਰ ਕਿਸ ਰਚਨਾ ਲਈ ਮਿਲਿਆ ?

(A) ਇਕ ਮਿਆਨ ਦੋ ਤਲਵਾਰਾਂ

(B) ਚਿੱਟਾ ਲਹੂ

(C) ਪਵਿਤਰ ਪਾਪੀ

(D) ਕੋਈ ਹਰਿਆ ਘੂਟ ਰਹਿਓ ਰੀ

55. ਪੰਜਾਬੀ ਵਿਚ ਕਬੀਰ ਸਨਮਾਨ ਅਤੇ ਸਰਸਵਤੀ ਸਨਮਾਨ ਪ੍ਰਾਪਤ ਕਰਨ ਵਾਲਾ ਲੇਖਕ ਕਿਹੜਾ ਹੈ?

(A) ਅੰਮ੍ਰਿਤਾ ਪ੍ਰੀਤਮ

(B) ਗੁਰਦਿਆਲ ਸਿੰਘ

(C) ਦਲੀਪ ਕੌਰ ਟਿਵਾਣਾ

(D) ਹਰਿਭਜਨ ਸਿੰਘ

56. 'ਫਾਲਤੂ ਔਰਤ' ਕਹਾਣੀ ਦੀ ਲੇਖਿਕਾ ਕੌਣ ਹੈ ?

(A) ਅੰਮ੍ਰਿਤਾ ਪ੍ਰੀਤਮ

(B) ਬਚਿੰਤ ਕੌਰ

(C) ਅਜੀਤ ਕੌਰ

(D) ਸੁਰਿੰਦਰ ਨੀਰ

57. ਕਿਹੜਾ ਭਾਸ਼ਾਈ ਸੰਕਲਪ ਸਾਸਿਓਰ ਦਾ ਨਹੀਂ ਹੈ ?

(A) ਚਿਹਨ : ਚਿਹਨਕ ਤੇ ਚਿਤਨਿਤ

(B) ਯੋਗਤਾ ਤੇ ਨਿਭਾਓ

(C) ਇਕਾਲਕ ਦੁਕਾਲਕ

(D) ਕੜੀਦਾਰ ਅਤੇ ਲੜੀਦਾਰ

58. ਗੁਰੂ ਗ੍ਰੰਥ ਸਾਹਿਬ ਦੇ ਰਾਗ-ਕ੍ਰਮ ਵਿਚ ਪਹਿਲਾ ਰਾਗ ਕਿਹੜਾ ਹੈ ?

(A) ਮਾਝ ਰਾਗ

(B) ਸਿਰੀ ਰਾਗ

(C) ਧਨਾਸਰੀ ਰਾਗ

(D) ਵਡਹੰਸ ਰਾਗ

59. ਲੋਕਧਾਰਾ ਵਿਗਿਆਨੀਆਂ ਦਾ ਕਿਹੜਾ ਜੁੱਟ ਸਹੀ ਹੈ ?

(A) ਕਰਨੈਲ ਸਿੰਘ ਥਿੰਦ, ਵਣਜਾਰਾ ਬੇਦੀ, ਜੋਗਿੰਦਰ ਸਿੰਘ ਕੈਰੋਂ

(B) ਹਰਿਭਜਨ ਸਿੰਘ ਭਾਟੀਆ, ਗੁਰਮੀਤ ਸਿੰਘ, ਜਸਵਿੰਦਰ ਸਿੰਘ

(C) ਨਾਹਰ ਸਿੰਘ, ਤੇਜਵੰਤ ਸਿੰਘ ਗਿਲ, ਭੁਪਿੰਦਰ ਸਿੰਘ ਖਹਿਰਾ

(D) ਜੀਤ ਸਿੰਘ ਜੋਸ਼ੀ, ਜੋਗਿੰਦਰ ਸਿੰਘ ਰਾਹੀ, ਧਰਮ ਸਿੰਘ

60. ਦਲਿਤ ਦ੍ਰਿਸ਼ਟੀ ਵਾਲੇ ਕਹਾਣੀ-ਲੇਖਕਾਂ ਦਾ ਕਿਹੜਾ ਜੁੱਟ ਸਹੀ ਹੈ :

(A) ਅਤਰਜੀਤ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ

(B) ਸਾਂਵਲ ਧਾਮੀ, ਵਰਿਆਮ ਸੰਧੂ, ਪ੍ਰੇਮ ਗੋਰਖੀ

(C) ਗੁਰਮੀਤ ਕੜਿਆਲਵੀ, ਸਿਮਰਨ ਧਾਲੀਵਾਲ, ਅਜਮੇਰ ਸਿੰਘ

(D) ਪ੍ਰੇਮ ਪ੍ਰਕਾਸ਼, ਕਿਰਪਾਲ ਕਜ਼ਾਕ, ਲਾਲ ਸਿੰਘ

61. ''ਦੁਰਗਾ ਪਾਠ ਬਣਾਇਆ ਸਭੈ ਪਉੜੀਆਂ
ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ।''
'ਚੰਡੀ ਦੀ ਵਾਰ' ਦੀਆਂ ਇਹ ਤੁਕਾਂ ਕੀ ਹਨ ?

(A) ਮੰਗਲਾਚਰਣ

(B) ਹਮਦ

(C) ਮਹਾਤਮ

(D) ਵਸਤੂ ਨਿਰਦੇਸ਼

62. 'ਉਡਦੇ ਬਾਜ਼ਾ ਮਗਰ' ਕਾਵਿ-ਪੁਸਤਕ ਦਾ ਰਚੈਤਾ ਕੌਣ ਹੈ ?

(A) ਪਾਸ਼

(B) ਸ਼ਿਵ ਕੁਮਾਰ

(C) ਬਾਬਾ ਬਲਵੰਤ

(D) ਸੁਰਜੀਤ ਪਾਤਰ

63. 'ਖੁਲ੍ਹੇ ਘੁੰਡ'' ਕਾਵਿ ਪੁਸਤਕ ਦਾ ਰਚੈਤਾ ਕੌਣ ਹੈ ?

(A) ਪ੍ਰੋ. ਮੋਹਨ ਸਿੰਘ

(B) ਪ੍ਰੋ. ਪੂਰਨ ਸਿੰਘ

(C) ਜਸਵੰਤ ਦੀਦ

(D) ਜਸਵੰਤ ਸਿੰਘ ਨੇਕੀ

64. ਪਰਵਾਸੀ ਕਵੀਆਂ ਦਾ ਕਿਹੜਾ ਜੁੱਟ ਸਹੀ ਨਹੀਂ ਹੈ ?

(A) ਨਵਤੇਜ ਭਾਰਤੀ, ਸੁਖਵਿੰਦਰ ਕੰਬੋਜ, ਦਰਸ਼ਨ ਬੁਲੰਦਵੀ

(B) ਅਜਮੇਰ ਰੋਡੇ, ਦਰਸ਼ਨ ਬੁੱਟਰ, ਕੁਲਵਿੰਦਰ

(C) ਰਵਿੰਦਰ ਰਵੀ, ਅਜਮੇਰ ਰੋਡੇ, ਦਰਸ਼ਨ ਬੁਲੰਦਵੀ

(D) ਨਰਿੰਜਨ ਸਿੰਘ ਨੂਰ, ਸੁਖਵਿੰਦਰ ਕੰਬੋਜ, ਮਹਿੰਦਰ ਗਿਲ

65. ਧੁਨੀ ਸੰਪਰਦਾਇ ਦਾ ਮੋਢੀ ਕੌਣ ਹੈ ?

(A) ਆਨੰਦ ਵਰਧਨ

(B) ਵਿਸ਼ਵਨਾਥ

(C) ਭਰਤਮੁਨੀ

(D) ਵਾਮਨ

66. ਗੁਰਬਾਣੀ ਨੂੰ 'ਪਰਾ ਸਾਹਿਤ' ਕਿਸਨੇ ਕਿਹਾ ?

(A) ਅਤਰ ਸਿੰਘ

(B) ਸੰਤ ਸਿੰਘ ਸੇਖੋਂ

(C) ਕਿਸ਼ਨ ਸਿੰਘ

(D) ਨਜਮ ਹੁਸੈਨ ਸਯਦ

67. 'ਪੰਜਾਬੀ ਸਾਹਿਤ ਦਾ ਸ੍ਰੋਤ ਮੂਲਕ ਇਤਿਹਾਸ' ਪੁਸਤਕ ਦਾ ਲੇਖਕ ਕੌਣ ਹੈ ?

(A) ਬਾਵਾ ਬੁੱਧ ਸਿੰਘ

(B) ਜੀਤ ਸਿੰਘ ਸੀਤਲ

(C) ਕਿਰਪਾਲ ਸਿੰਘ ਕਸੇਲ

(D) ਰਤਨ ਸਿੰਘ ਜੱਗੀ

68. 'ਮੇਦਨੀ' ਨਾਟਕ ਦਾ ਰਚੈਤਾ ਕੌਣ ਹੈ ?

(A) ਸਵਰਾਜ ਬੀਰ

(B) ਕੇਵਲ ਧਾਲੀਵਾਲ

(C) ਸਾਹਿਬ ਸਿੰਘ

(D) ਪਾਲੀ ਭੁਪਿੰਦਰ

69. 'ਕਥਾ ਕਰੋ ਉਰਵਸ਼ੀ' ਰਚਨਾ ਦੀ ਵਿਧਾ ਕੀ ਹੈ ?

(A) ਨਾਵਲ

(B) ਕਹਾਣੀ

(C) ਨਾਟਕ

(D) ਰੇਖਾ ਚਿਤਰ

70. ਟੈਬੂ ਦਾ ਪਰਿਭਾਸ਼ਕ ਅਰਥ ਹੈ :

(A) ਮਨਾਹੀ

(B) ਜੜ੍ਹਾਂ

(C) ਸਮਰੂਪੀ

(D) ਪਛਾਣ

71. 'ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ' ਪੁਸਤਕ ਦਾ ਲੇਖਕ ਕੌਣ ਹੈ ?

(A) ਜੀਤ ਸਿੰਘ ਜੋਸ਼ੀ

(B) ਜਸਵਿੰਦਰ ਸਿੰਘ

(C) ਗੁਰਬਖ਼ਸ਼ ਸਿੰਘ ਫਰੈਂਕ

(D) ਨਾਹਰ ਸਿੰਘ

72. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਸਿੱਖ ਗੁਰੂਆਂ ਦੀ ਬਾਣੀ ਦਰਜ਼ ਹੈ ?

(A) 10

(B) 06

(C) 05

(D) 09

73. 'ਸੁਖਮਨੀ ਸਾਹਿਬ' ਬਾਣੀ ਦਾ ਰਚੈਤਾ ਕੌਣ ਹੈ ?

(A) ਗੁਰੂ ਅੰਗਦ ਦੇਵ

(B) ਗੁਰੂ ਰਾਮਦਾਸ

(C) ਗੁਰੂ ਅਰਜਨ ਦੇਵ

(D) ਗੁਰੂ ਅਮਰਦਾਸ

Total Number of Pages : 24

74. 'ਬੇਗਮਪੁਰਾ ਸਹਰ ਕੋ ਨਾਉ' ਕਿਸ ਬਾਣੀਕਾਰ ਦੀ ਰਚਨਾ ਹੈ ?

(A) ਭਗਤ ਨਾਮਦੇਵ

(B) ਭਗਤ ਕਬੀਰ

(C) ਭਾਗਤ ਰਵਿਦਾਸ

(D) ਧੰਨਾ ਭਗਤ

75. 'ਸੇਜ ਸੂਲੀ ਤੇ ਸਲੀਬ' ਕਿਸ ਲੇਖਕ ਦੀ ਰਚਨਾ ਹੈ ?

(A) ਗੁਰਪ੍ਰੀਤ

(B) ਸੁਰਿੰਦਰ ਸੀਰਤ

(C) ਮੋਨੋਜੀਤ

(D) ਉਜਾਗਰ ਸਿੰਘ ਮਹਿਕ

76. ਪਾਕਿਸਤਾਨੀ ਨਾਵਲਕਾਰਾਂ ਦਾ ਕਿਹੜਾ ਜੁੱਟ ਸਹੀ ਹੈ?

(A) ਅਫਜ਼ਲ ਤੌਸੀਫ, ਫ਼ਖ਼ਰ ਜਮਾਂ, ਸਲੀਮ ਖਾਂ ਗਿੰਮੀ

(B) ਅਫਜਲ ਅਹਿਸਨ ਰੰਧਾਵਾ, ਫ਼ਖ਼ਰ ਜਮਾਂ, ਅਹਿਮਦ ਸਲੀਮ

(C) ਨੈਨ ਸੁੱਖ, ਹਨੀਫ਼ ਚੌਧਰੀ, ਮਜੀਦ ਭੱਟੀ

(D) ਜੋਸ਼ੂਆ ਫਜਲਦੀਨ, ਫਕੀਰ ਮੁਹੰਮਦ ਫਕੀਰ, ਖਾਲਿਦ ਹੁਸੈਨ

77. 'ਪਰਵਾਸੀ ਪੰਜਾਬੀ ਸਾਹਿਤ ਸੰਦਰਭ ਕੋਸ਼' ਦਾ ਲੇਖਕ ਕੌਣ ਹੈ ?

(A) ਡਾ. ਸ. ਪ. ਸਿੰਘ

(B) ਡਾ. ਜਸਪਾਲ ਕੌਰ

(C) ਡਾ. ਹਰਚੰਦ ਸਿੰਘ ਬੇਦੀ

(D) ਡਾ. ਅੰਮ੍ਰਿਤਪਾਲ ਕੌਰ

78. ਕੁੰਤਕ ਕਿਸ ਕਾਵਿ-ਸੰਪਰਦਾਇ ਦਾ ਮੋਢੀ ਹੈ ?

(A) ਅਲੰਕਾਰ

(B) ਵਕ੍ਰੋਕਤੀ

(C) ਰੀਤੀ

(D) ਰਸ

79. 'ਹੀਰ ਦਮੋਦਰ' ਦੀ ਭਾਸ਼ਾ ਕਿਹੜੀ ਹੈ ?

(A) ਦੁਆਬੀ

(B) ਪੁਆਧੀ

(C) ਝਾਂਗੀ

(D) ਮਾਝੀ ਤੇ ਮਲਵਈ ਦਾ ਮਿਸ਼ਰਣ

80. 'ਪੰਜਾਬੀ ਆਲੋਚਨ ਦੇ ਅਵਚੇਤਨੀ ਪਾਸਾਰ' ਪੁਸਤਕ ਦਾ ਲੇਖਕ ਕੌਣ ਹੈ ?

(A) ਡਾ. ਸੁਰਜੀਤ ਸਿੰਘ

(B) ਡਾ. ਗੁਰਮੁਖ ਸਿੰਘ

(C) ਡਾ. ਬਲਕਾਰ ਸਿੰਘ

(D) ਡਾ. ਸੁਖਦੇਵ ਸਿੰਘ ਸਿਰਸਾ

81. 'ਵਿਸ਼ਵੀਕਰਨ / ਸਾਹਿਤਕ ਪ੍ਰਤਿਉੱਤਰ' ਸਮੀਖਿਆ - ਪੁਸਤਕ ਦਾ ਲੇਖਕ ਕੌਣ ਹੈ ?

(A) ਡਾ. ਮਨਜੀਤ ਸਿੰਘ

(B) ਡਾ. ਜਸਬੀਰ ਸਿੰਘ

(C) ਡਾ. ਸਤਿੰਦਰ ਸਿੰਘ

(D) ਡਾ. ਗੁਰਦੇਵ ਸਿੰਘ

82. 'ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ)' ਦਾ ਸੰਪਾਦਕ ਕੌਣ ਹੈ ?

(A) ਡਾ. ਰਤਨ ਸਿੰਘ ਜੱਗੀ

(B) ਡਾ. ਗੁਰਸ਼ਰਨ ਕੌਰ ਜੱਗੀ

(C) ਪਿਆਰਾ ਸਿੰਘ ਪਦਮ

(D) ਸਮਸ਼ੇਰ ਸਿੰਘ ਅਸ਼ੋਕ

83. 'ਵਿਹਾਰਕ ਸਮੀਖਿਆ ਅਤੇ ਪੰਜਾਬੀ ਵਾਰਤਕ' ਪੁਸਤਕ ਦਾ ਕਰਤਾ ਕੌਣ ਹੈ ?

(A) ਡਾ. ਸਤਿੰਦਰ ਸਿੰਘ

(B) ਡਾ. ਸਰਬਜੀਤ ਸਿੰਘ

(C) ਡਾ. ਦਵਿੰਦਰ ਸਿੰਘ

(D) ਡਾ. ਕਰਨਜੀਤ ਸਿੰਘ

84. 'ਖੋਜ : ਸਿਧਾਂਤ ਅਤੇ ਵਿਹਾਰ' ਦਾ ਰਚੈਤਾ ਕੌਣ ਹੈ ?

(A) ਡਾ. ਪਿਆਰਾ ਸਿੰਘ

(B) ਡਾ. ਪਿਆਰਾ ਸਿੰਘ ਪਦਮ

(C) ਡਾ. ਹਰਿਭਜਨ ਸਿੰਘ ਭਾਟੀਆ

(D) ਡਾ. ਸਤਿੰਦਰ ਸਿੰਘ

85. 'ਗੁਰਬਾਣੀ ਦਾ ਰਹਾਉ ਸ਼ਾਸਤਰ' ਸਮੀਖਿਆ – ਪੁਸਤਕ ਦਾ ਲੇਖਕ ਕੌਣ ਹੈ ?

(A) ਪਿਆਰਾ ਸਿੰਘ ਪਦਮ

(B) ਮਹਿੰਦਰ ਕੌਰ ਗਿੱਲ

(C) ਡਾ. ਜਸਬੀਰ ਸਿੰਘ

(D) ਡਾ. ਗੁਰਚਰਨ ਸਿੰਘ

86. ਨਿਮਨ ਲਿਖਤ ਵਿਚੋਂ ਕਿਹੜੀ ਕਹਾਣੀ, ਦੇਸ਼ ਵੰਡ ਦੇ ਦੁਖਾਂਤ ਨਾਲ ਸੰਬੰਧਿਤ ਹੈ ?

(A) ਸ਼ਾਹ ਦੀ ਕੰਜਰੀ

(B) ਪਰੁਤਾ ਪਾਂਧੀ

(C) ਖੱਬਲ

(D) ਭੱਜੀਆਂ ਬਾਹੀ

87. ਨਿਮਨ ਲਿਖਤ ਨਾਵਲਾਂ ਵਿਚੋਂ ਮਹਾਂਨਗਰੀ-ਜੀਵਨ ਨੂੰ ਪੇਸ਼ ਕਰਨ ਵਾਲਾ ਨਾਵਲ ਕਿਹੜਾ ਹੈ ?

(A) ਧੁੱਪ ਦਰਿਆ ਦੀ ਦੋਸਤੀ

(B) ਸੜਕਾਂ ਤੇ ਕਮਰੇ

(C) ਰੂਪ ਧਾਰਾ

(D) ਪਿਉ ਪੁੱਤਰ

88. 'ਇੱਜ਼ਤ ਦਾ ਸਵਾਲ' ਪੁਸਤਕ ਦਾ ਰਚੈਤਾ ਕੌਣ ਹੈ ?

(A) ਦੇਵਿੰਦਰ ਸਿੰਘ ਵਿਸ਼ਵ ਨਾਗਰਿਕ

(B) ਕੀਰਤ ਸਿੰਘ ਇਨਕਲਾਬੀ

(C) ਮੋਨੋਜੀਤ

(D) ਬਲਜੀਤ ਸਿੰਘ ਰੈਨਾ

Total Number of Pages : 24

89. ਪਰਵਾਸੀ ਪੰਜਾਬੀ ਕਹਾਣੀਕਾਰਾਂ ਦਾ ਕਿਹੜਾ ਜੱਟ ਸਹੀ ਨਹੀਂ ਹੈ ?

(A) ਸਵਰਨ ਚੰਦਨ, ਬਲਦੇਵ ਸਿੰਘ, ਜਰਨੈਲ ਸਿੰਘ

(B) ਪ੍ਰੋ0 ਹਰਭਜਨ ਸਿੰਘ, ਵੀਨਾ ਵਰਮਾ, ਅਮਨਪਾਲ ਸਾਰਾ

(C) ਹਰਪ੍ਰੀਤ ਸੇਖ, ਦਰਸ਼ਨ ਧੀਰ, ਬਲਬੀਰ ਕੌਰ ਸੰਘੇੜਾ

(D) ਨਵਤੇਜ ਭਾਰਤੀ, ਅਮਰਜੀਤ ਚੰਦਨ, ਜਗਜੀਤ ਬਰਾੜ

90. 'ਮੁਕਤਕ ਕਾਵਿ' ਕਿਸਦਾ ਭੇਦ ਹੈ ?

(A) ਮਹਾਂ ਕਾਵਿ

(B) ਸ੍ਰਵ ਕਾਵਿ

(C) ਪ੍ਰਿਸ਼ ਕਾਵਿ

(D) ਕਿਸੇ ਦਾ ਵੀ ਨਹੀਂ

91. ਹੇਠ ਲਿਖਿਆ ਵਿਚੋਂ ਕਿਹੜਾ ਪੰਜਾਬੀ ਦਾ ਮੈਟਾ-ਆਲੋਚਕ ਹੈ ?

(A) ਗੁਰਪਾਲ ਸਿੰਘ ਸੰਧੂ

(B) ਹਰਿਭਜਨ ਸਿੰਘ ਭਾਟੀਆਂ

(C) ਤੇਜਵੰਤ ਸਿੰਘ ਗਿਲ

(D) ਜਗਬੀਰ ਸਿੰਘ

92. ਨਿਮਨ ਲਿਖਤ ਪੁਸਤਕਾਂ ਵਿਚੋਂ ਕਿਹੜੀ ਸੰਤ ਸਿੰਘ ਸੇਖੋਂ ਦੀ ਨਹੀਂ ਹੈ ?

(A) ਸਾਹਿਤਿਆਰਥ

(B) ਨਾਵਲ ਤੇ ਪਲਾਟ

(C) ਸਮਦਰਸ਼ਨ

(D) ਸਮੀਖਿਆ ਪ੍ਰਣਾਲੀਆਂ

93. ਆਚਾਰਯ ਦੰਡੀ ਦਾ ਸੰਬੰਧ ਕਿਸ ਸੰਪਰਦਾਇ ਨਾਲ ਹੈ ?

(A) ਰੀਤੀ

(B) ਧੁਨੀ

(C) ਵਕ੍ਰੋਕਤੀ

(D) ਅਲੰਕਾਰ

94. ਸਿਰ ਦੇ ਪੰਜਾਬੀ ਗਹਿਣੇ ਹਨ ?

(A) ਕਾਂਟੇ, ਬੂੰਦੇ, ਲੋਟਣ

(B) ਤੀਲੀ, ਲੌਂਗ, ਕੋਕਾ

(C) ਸੱਮੀਫੁੱਲ, ਚੌਕ, ਟਿੱਕਾ

(D) ਮੁੰਦਰਾਂ, ਕੰਮਣ, ਤਵੀਤੜੀਆਂ

95. ਰੂਪਾਕਾਰਕ ਆਲੋਚਨ ਬਾਨੀ ਆਲੋਚਨ ਪ੍ਰਣਾਲੀਆਂ ਦੇ ਮੁਕਾਬਲੇ ਤੇ ਜ਼ਿਆਦਾ ਸਾਹਿਤ ਕੇਂਦ੍ਰਿਤ ਹੈ। ਰਚਨਾ ਦੀ ਸੰਰਚਨਾ ਨੂੰ ਪਛਾਣਨ ਲਈ ਇਸ ਵਿਚ ਵਧੇਰੇ ਸਮਰਥਾ ਹੈ। ਕਾਵਿ ਰੂਪਾਕਾਰ ਕਾਵਿ ਸੰਰਚਨਾ ਦਾ ਹੀ ਪਰਿਆਇ ਹੈ। ਇਸ ਵਿਚ ਰੂਪ ਤੇ ਵਸਤੂ ਇਕ ਏਕੇ ਵਿਚ ਪਹੁੰਚੇ ਹੁੰਦੇ ਹਨ। ਰੂਪਾਕਾਰ ਦਾ ਅਰਥ ਹੈ ਕਾਵਿ ਦੀ ਸਮੁਚੀ ਵਿਵਸਥਾ ਅਤੇ ਸੁਰ। ਇਸੇ ਲਈ ਰੂਪਾਕਾਰ ਦਾ ਅਲਿਐਨ ਅਰਸਤੂ ਦੇ ਸਮੇਂ ਤੋਂ ਅੱਜ ਤੀਕ ਵਿਦਵਾਨਾਂ ਦੇ ਆਕਰਸ਼ਣ ਦਾ ਵੱਡਾ ਕੇਂਦਰ ਬਿੰਦੂ ਬਣਿਆ ਹੋਇਆ ਹੈ। ਪੈਰ੍ਹੇ ਨੂੰ ਪੜ੍ਹ ਕੇ 95 ਤੋਂ 97 ਪ੍ਰਸ਼ਨਾਂ ਦੇ ਸਹੀਂ ਉੱਤਰ ਦਿਓ :

ਪੈਰ੍ਹੇ ਦਾ ਕੇਂਦਰੀ ਥੀਮ ਹੈ :

(A) ਰੂਪਾਕਾਰਕ ਆਾਲੋਚਨਾ ਦਾ ਜੁਗਤ ਵਿਧਾਨ

(B) ਰੂਪਾਕਾਰਕ ਆਾਲੋਚਨਾ ਦੀ ਭਾਸ਼ਾਈ ਜੁਗਤ

(C) ਰੂਪਾਕਾਰਕ ਆਾਲੋਚਨਾ ਦਾ ਮਹੱਤਵ

(D) ਰੂਪਾਕਾਰਕ ਆਾਲੋਚਨਾ ਦੇ ਪਛਾਣ ਚਿੰਨ੍ਹ

96. ਰੂਪਾਕਾਰ ਦਾ ਅਰਥ ਹੈ :

(A) ਕਾਵਿ ਰੂਪ ਦੀ ਹੋਂਦ ਵਿਧੀ

(B) ਕਾਵਿ ਰੂਪ ਦੀ ਸੰਬੋਧਨੀ ਜੁਗਤ

(C) ਕਾਵਿ ਰੂਪ ਦੀਆਂ ਕਾਵਿ ਰੂੜੀਆਂ

(D) ਕਾਵਿ ਰੂਪ ਦੀ ਸਮੁੱਚੀ ਵਿਵਸਥਾ ਅਤੇ ਸੁਰ

97. ਰੂਪਾਕਾਰਕ ਆਾਲੋਚਨਾ ਵਿਚੋ ਰੂਪ ਅਤੇ ਵਸਤੂ ਦੀ ਸਥਿਤੀ ਹੁੰਦੀ ਹੈ :

(A) ਰੂਪ ਅਤੇ ਵਸਤੂ ਦੀ ਦਵੈਤ

(B) ਰੂਪ ਦੀ ਪਹਿਲ

(C) ਰੂਪ ਅਤੇ ਵਸਤੂ ਦਾ ਏਕਾ

(D) ਰੂਪ ਅਤੇ ਵਸਤੂ ਦਾ ਦਵੰਦਾਤਮਕ ਰਿਸ਼ਤਾ

98. ਸਾਹਿਤਕ ਖੋਜ ਤੱਥ ਪੇਸ਼ ਕਰਦੀ ਹੈ, ਪਰ ਉਹ ਤੱਥ ਹਰ ਖੋਜੀ ਦੇ ਵੱਖਰੇ-ਵੱਖਰੇ ਹੋ ਸਕਦੇ ਹਨ। ਉਹ ਵਿਗਿਆਨਕ ਤੱਥਾਂ ਵਾਂਗ ਸਰਵ ਪ੍ਰਵਾਨਿਤ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਨੂੰ ਹਰ ਸਮੇਂ, ਹਰ ਸਥਾਨ ਤੇ ਇਕੋਂ ਜਿਹਾ ਪੇਸ਼ ਕੀਤਾ ਜਾ ਸਕਦਾ ਹੈ। ਸਾਹਿਤਕ ਤੱਥ ਮਾਨਵੀ ਹੁੰਦੇ ਹਨ ਅਤੇ ਵਿਗਿਆਨ ਦੇ ਤੱਥ ਪਦਾਰਥਕ। ਸਾਹਿਤ ਵਿਚ ਵਿਚਾਰ ਤੱਥ ਜ਼ਿਆਦਾ ਮਹੱਤਵ ਪੂਰਨ ਹੈ। ਖੋਜੀ ਨੂੰ ਖੋਜ ਕਰਦੇ ਸਮੇਂ ਪਾਠਕਾਂ ਦੀ ਰੁਚੀ ਦਾ, ਉਨ੍ਹਾਂ ਦੀ ਪਸੰਦ ਦਾ ਧਿਆਨ ਨਹੀਂ ਰੱਖਣਾ ਪੈਂਦਾ।

ਉਪਰੋਕਤ ਪੈਰ੍ਹੇ ਨੂੰ ਪੜ ਕੇ 98 ਤੋਂ 100 ਸਵਾਲਾਂ ਦੇ ਉਤਰ ਦਿਓ :

ਪੈਰ੍ਹੇ ਦਾ ਕੇਂਦਰੀ ਥੀਮ ਹੈ :

(A) ਖੋਜ ਦਾ ਮਹੱਤਵ

(B) ਖੋਜ ਦਾ ਸਰੂਪ

(C) ਖੋਜ ਦਾ ਪ੍ਰਯੋਜਨ

(D) ਸਾਹਿਤਕ ਖੋਜ ਅਤੇ ਵਿਗਿਆਨਕ ਖੋਜ ਵਿਚਲਾ ਅੰਤਰ

99. ਸਾਹਿਤਕ ਤੱਥ ਹੁੰਦੇ ਹਨ :

(A) ਮਾਨਵੀ

(B) ਸਰਵ - ਪ੍ਰਵਾਨਿਤ

(C) ਪਦਾਰਥਕ

(D) ਗੈਰ-ਵਿਚਾਰਕ

100. ਸਾਹਿਤ ਵਿਚ ਜ਼ਿਆਦਾ ਮਹੱਤਵਪੂਰਨ ਹੈ :

(A) ਪਾਠਕਾਂ ਦੀ ਰੁਚੀ

(B) ਪਾਤਰ

(C) ਵਿਚਾਰ ਤੱਥ

(D) ਰਹੱਸ

Prepp
Your Personal Exams Guide



## Rough Work / रफ कार्य

Prepp Your Personal Exam Guide

www.prepp.in

prepp
Your Personal Exams Guide



## Rough Work / रफ कार्य

prepp Your Personal Exam Guide